# ਈਸਾਈ ਧਰਮ ਅਤੇ ਨਵਾਂ ਨੇਮ : ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

Kamaljeet kaur Bhullar
Research Scoler
Guru Gobind Singh, Religious Studies Department
Punjabi University Patiala.

ਦੁਨੀਆਂ ਵਿਚ ਵਿਦਵਾਨਾਂ ਨੇ ਆਪਣੀ ਸਮਝ ਮੁਤਾਬਿਕ ਧਰਮਾਂ ਨੂੰ ਮੁੱਖ ਤੌਰ 'ਤੇ ਦੋ ਧਾਰਮਿਕ ਪ੍ਰੰਪਰਾਵਾਂ ਵਿਚ ਵੰਡਿਆ ਹੈ- ਇਕ ਸਾਮੀ ਧਾਰਮਿਕ ਪ੍ਰੰਪਰਾ ਅਤੇ ਦੂਜੀ ਭਾਰਤੀ ਧਾਰਮਿਕ ਪ੍ਰੰਪਰਾ। ਈਸਾਈ ਧਰਮ ਦਾ ਸਥਾਨ ਸਾਮੀ ਧਾਰਮਿਕ ਪ੍ਰੰਪਰਾ ਦੀ ਲੜੀ ਵਿਚ ਦੂਜਾ ਹੈ, ਜੋ ਦੁਨੀਆਂ ਵਿਚ ਸਭ ਤੋਂ ਵੱਧ ਮੰਨਿਆਂ ਜਾਣ ਵਾਲਾ ਧਰਮ ਹੈ। ਜਿਵੇਂ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਸਿੱਖ, ਬੁੱਧ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਬੋਧੀ ਅਤੇ ਜੈਨ ਧਰਮ ਨੂੰ ਮੰਨਣ ਵਾਲੇ ਵਿਅਤਕੀ ਨੂੰ ਜੈਨੀ ਕਿਹਾ ਜਾਂਦਾ ਹੈ, ਠੀਕ ਉਸ ਤਰਾਂ ਹੀ ਈਸਾਈ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਈਸਾਈ ਕਿਹਾ ਜਾਂਦਾ ਹੈ। ਪ੍ਰਭੂ ਯਿਸੂ ਮਸੀਹ ਈਸਾਈ ਧਰਮ ਦੇ ਮੋਢੀ ਹਨ, ਜਿਨ੍ਹਾਂ ਨੂੰ ਪਰਮੇਸ਼ਰ ਨੇ ਖੁਦ ਆਪਣੇ ਇਕਲੌਤੇ ਪੁੱਤ੍ਰ ਦੇ ਰੂਪ ਵਿਚ ਇਸ ਧਰਤੀ ਉੱਤੇ ਪੂਰੀ ਮਨੁਖਤਾ ਦੇ ਭਲੇ ਲਈ ਭੇਜਿਆ ਹੈ। ਇਸ ਲਈ ਈਸਾਈ ਲੋਕ ਪਰਮੇਸ਼ਰ ਦੇ ਪੁੱਤਰ ਨੂੰ ਆਪਣੇ ਮੁਕਤੀ ਦਾਤਾ ਦੇ ਰੂਪ ਵਿਚ ਕਬੂਲਦੇ ਹਨ। ਈਸਾਈ ਧਰਮ ਦਾ ਧਾਰਮਿਕ ਚਿੰਨ 'ਕਰਾਸ' ਹੈ ਅਤੇ ਇਸ ਧਰਮ ਦਾ ਧਰਮ ਗ੍ਰੰਥ 'ਪਵਿੱਤਰ ਬਾਈਬਲ' ਹੈ।

'ਪਵਿੱਤਰ ਬਾਈਬਲ' ਕਿਤਾਬਾਂ ਦਾ ਇਕੱਠ ਹੈ ਅਤੇ ਇਸ ਦੇ ਅੱਗੇ ਦੋ ਭਾਗ ਹਨ-ਪੁਰਾਣਾ ਨੇਮ ਅਤੇ ਨਵਾਂ ਨੇਮ। ਇਸ ਬਾਰੇ Mathew P. John ਨੇ ਆਪਣੇ ਇਕ ਲੇਖ ਵਿਚ ਦੱਸਿਆ ਹੈ, "The Bible consists of two collection of books known as the Old Testament and New Tentament." ਪੁਰਾਣਾ ਨੇਮ ਯਹੂਦੀ ਧਰਮ ਨਾਲ ਸੰਬੰਧਿਤ ਧਰਮ ਗ੍ਰੰਥ ਹੈ ਅਤੇ ਨਵਾਂ ਨੇਮ ਈਸਾਈ ਧਰਮ ਨਾਲ ਸੰਬੰਧਿਤ ਧਰਮ ਗ੍ਰੰਥ। ਸੋ ਸੰਪੂਰਨ ਬਾਈਬਲ ਦੋਨਾਂ ਗ੍ਰੰਥਾਂ ਦੇ ਸੁਮੇਲ ਨਾਲ ਇਕ ਗ੍ਰੰਥ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

ਨਵੇਂ ਨੇਮ ਵਿਚ ਕੁੱਲ ਸਤਾਈ ਕਿਤਾਬਾਂ ਹਨ। ਇਹ ਕਿਤਾਬਾਂ ਪ੍ਰਭੂ ਯਿਸ਼ੂ ਮਸੀਹ ਦੇ ਚੇਲਿਆਂ ਦੁਆਰਾ ਲਿਖੀਆਂ ਗਈਆਂ ਹਨ। ਇਨਾਂ ਸਤਾਈ ਕਿਤਾਬਾਂ ਦੇ ਅੱਠ ਰਚਨਾਕਾਰ ਹਨ-ਸੰਤ ਮੱਤੀ, ਸੰਤ ਮਰਕੁਸ, ਸੰਤ ਲੂਕਾ, ਸੰਤ ਯੂਹੰਨਾ, ਸੰਤ ਪੌਲੁਸ, ਸੰਤ ਯਾਕੂਬ, ਸੰਤ ਪਤਰਸ, ਸੰਤ ਯਹੂਦਾਹ। ਇਹ ਉਹ ਵਿਅਕਤੀ ਹਨ, ਜਿਹੜੇ ਉਸ ਸਮੇਂ ਯਿਸੂ ਦੇ ਨਾਲ ਰਹੇ ਜਾਂ ਫਿਰ ਯਿਸੂ ਦੀਆਂ ਸਿਖਿਆਵਾਂ ਤੋਂ ਬਾਅਦ ਵਿਚ ਪ੍ਰਭਾਵਿਤ ਹੋਏ। ਨਵੇਂ ਨੇਮ ਦੀਆਂ ਕਿਤਾਬਾਂ ਨੂੰ ਤਿੰਨ ਮੁਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਇਤਿਹਾਸਕ ਵਿਖਿਆਨ
2. ਪੱਤਰ
3. ਪਰਕਾਸ਼ ਦੀ ਪੋਥੀ

ਇਤਿਹਾਸਕ ਵਿਖਿਆਨ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ-ਇੰਜੀਲਾਂ ਅਤੇ ਰਸੂਲਾਂ ਦੇ ਕਰਤੱਬ। 'ਨਵੇਂ ਨੇਮ' ਵਿਚ ਦਰਜ਼ ਪਹਿਲੀਆਂ ਚਾਰ ਕਿਤਾਬਾਂ ਨੂੰ ਇੰਜੀਲਾਂ ਜਾਂ ਫਿਰ ਸ਼ੁਭ ਸਮਾਂਚਾਰ (Gospels) ਕਿਹਾ ਗਿਆ ਹੈ। Methew P. John ਅਨਸਾਰ, "The first four books are called Gospels and give in different ways the life and teaching of Jesus Christ." ਇਨਾਂ ਇੰਜੀਲਾਂ

ਦੇ ਲੇਖਕ-ਸੰਤ ਮੱਤੀ, ਸੰਤ ਮਰਕੁਸ, ਸੰਤ ਲੂਕਾ ਅਤੇ ਸੰਤ ਯੂਹੰਨਾ ਹਨ। ਇਨਾਂ ਇੰਜੀਲਾਂ ਵਿਚੋਂ ਪ੍ਰਭੂ ਯਿਸ਼ੂ ਮਸੀਹ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਬਾਰੇ ਜਾਣਕਾਰੀ ਮਿਲਦੀ ਹੈ। ਇਨਾਂ ਇੰਜੀਲਾਂ ਵਿਚੋਂ ਪ੍ਰਭੂ ਯਿਸ਼ੂ ਮਸੀਹ ਦੇ ਇਸ ਦੁਨੀਆ ਵਿਚ ਆਉਣ ਬਾਰੇ, ਉਹਨਾਂ ਦੁਆਰਾ ਪਰਮੇਸ਼ਰ ਦੇ ਪੁੱਤ੍ਰ ਦੇ ਰੂਪ ਵਿਚ ਮਨੁੱਖਤਾ ਦੇ ਭਲੇ ਲਈ ਸਿਖਿਆਵਾਂ ਦੇਣ ਬਾਰੇ। ਸਲੀਬੀ ਮੌਤ ਤੋਂ ਬਾਅਦ ਤੀਜੇ ਦਿਨ ਫਿਰ ਜੀਅ ਉੱਠਣ ਬਾਰੇ ਅਤੇ ਚਾਲੀ ਦਿਨ ਆਪਣੇ ਚੇਲਿਆਂ ਵਿਚ ਰਹਿਣ ਬਾਰੇ ਜਾਣਕਾਰੀ ਮਿਲਦੀ ਹੈ। ਰਸੂਲਾਂ ਦੇ ਕਰਤੱਬ 'ਨਵੇਂ ਨੇਮ' ਦੀ ਪੰਜਵੀ ਪੁਸਤਕ ਹੈ, ਇਸ ਦਾ ਲੇਖਕ ਲੂਕਾ ਹੈ। ਇਸ ਵਿਚ ਯਿਸ਼ੂ ਦੇ ਜੀਅ ਉੱਠਣ ਤੋਂ ਬਾਅਦ ਬਾਰੇ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਵਿਚ ਪੌਲੁਸ ਦੇ ਈਸਾਈ ਬਨਣ ਦਾ ਵੀ ਜ਼ਿਕਰ ਹੈ ਅਤੇ ਪਤਰਸ ਅਤੇ ਪੌਲੁਸ ਦੁਆਰਾ ਈਸਾਈ ਧਰਮ ਦੇ ਪ੍ਰਚਾਰ ਕਰਨ ਬਾਰੇ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਪੁਸਤਕ ਵਿਚ ਈਸਾਈ ਚਰਚ ਦੇ ਮੁਢਲੇ ਦਿਨਾਂ ਦੀ ਵਿਆਖਿਆ ਵੀ ਹੈ ਇਥੋਂ ਹੀ ਈਸਾਈ ਚਰਚ ਦਾ ਅਰੰਭ ਹੁੰਦਾ ਮੰਨਿਆਂ ਗਿਆ ਹੈ।

'ਨਵੇਂ ਨੇਮ' ਦਾ ਦੂਸਰਾ ਭਾਗ 'ਪੱਤਰ' ਹੈ। ਇਨਾਂ ਦੀ ਕੁਲ ਗਿਣਤੀ ਇੱਕੀ ਹੈ ਅਤੇ ਇਨਾਂ ਪੱਤਰਾਂ ਦੇ ਪੰਜ ਲੇਖਕ ਹਨ - ਸੰਤ ਪੌਲੁਸ, ਸੰਤ ਯਾਕੂਬ, ਸੰਤ ਪਤਰਸ, ਸੰਤ ਯੂਹੰਨਾ, ਸੰਤ ਯਹੂਦਾਹ। ਸੰਤ ਪੌਲੁਸ ਦੇ ਪੱਤਰਾਂ ਦੀ ਗਿਣਤੀ ਤੇਰਾਂ ਹੈ। ਸੰਤ ਪੌਲੁਸ ਦੇ ਪੱਤਰਾਂ ਦੇ ਸ਼ਰੂ ਵਿਚ 'ਲਿਖਤੁਮ ਪੌਲੁਸ' ਲਿਖਿਆ ਗਿਆ ਹੈ। ਇਹ ਸਾਰੇ ਪੱਤਰ ਯਿਸ਼ੂ ਮਸੀਹ ਦੀਆਂ ਸਿਖਿਆਵਾਂ ਅਤੇ ਮਸੀਹੀ ਵਿਸ਼ਵਾਸ ਨਾਲ ਭਰਪੂਰ ਹਨ। ਸੰਤ ਯਾਕੂਬ ਨੇ ਆਪਣੇ ਪੱਤਰ ਵਿਚ ਨੈਤਿਕਤਾ ਭਰਪੂਰ ਜੀਵਨ ਜਿਉਣ ਲਈ ਕਿਹਾ ਹੈ। ਸੰਤ ਪਤਰਸ ਨੇ ਦੋ ਪੱਤਰ ਲਿਖੇ ਹਨ ਅਤੇ ਸੰਤ ਯੂਹੰਨਾ ਨੇ ਤਿੰਨ ਪੱਤਰ ਹਨ। ਸਭ ਤੋਂ ਆਖਰੀ ਪੱਤਰ ਸੰਤ ਯਹੂਦਾਹ ਦਾ ਹੈ।

'ਨਵੇਂ ਨੇਮ' ਦਾ ਆਖਰੀ ਭਾਗ 'ਪ੍ਰਕਾਸ਼ ਦੀ ਪੋਥੀ' ਹੈ। ਇਸ ਭਾਗ ਵਿਚ ਕੇਵਲ ਇੱਕ ਹੀ ਕਿਤਾਬ ਹੈ ਜਿਸ ਦਾ ਲੇਖਕ ਯੂਹੰਨਾ ਹੈ। Methew P. John ਅਨੁਸਾਰ, "The last book of the New Testament, The Revelation of St. John, is a book of admonition and encouragement of churches at a time when they were facing serious persecution." ਇਸ ਪੁਸਤਕ ਵਿਚ ਪਰਮੇਸ਼ਰ ਦੇ ਰਾਜ ਦਾ ਵਰਣਨ ਮਿਲਦਾ ਹੈ। 'ਨਵੇਂ ਨੇਮ' ਦਰਜ਼ ਇਨਾਂ ਸਾਰੀਆਂ ਪੁਸਤਕਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

- **ਸੰਤ ਮੱਤੀ** :- ਇਸ ਪੁਸਤਕ ਦੇ ਸ਼ੁਰੂ ਵਿਚ ਹੀ ਯਿਸੂ ਮਸੀਹ ਦੇ ਵੰਸ ਦਾ ਲੇਖਾ ਅਤੇ ਉਸ ਦੇ ਜਨਮ ਬਾਰੇ ਬਿਆਨ ਕੀਤਾ ਗਿਆ ਹੈ ਅਤੇ ਫਿਰ ਯਿਸੂ ਦੇ ਬਪਤਿਸਮੇ ਅਤੇ ਪਰਤਾਵੇ ਬਾਰੇ ਵਰਣਨ ਮਿਲਦਾ ਹੈ। ਇਸ ਪੁਸਤਕ ਵਿਚ ਯਿਸੂ ਦੇ ਪਹਾੜੀ ਉਪਦੇਸ਼ ਵੀ ਦਰਜ਼ ਹਨ ਅਤੇ ਇਹ ਪੁਸਤਕ ਨੈਤਿਕਤਾ ਨਾਲ ਭਰਪੂਰ ਹੈ।

- **ਸੰਤ ਮਰਕੁਸ** :- ਇਹ ਪੁਸਤਕ ਸੰਤ ਮਰਕੁਸ ਦੁਆਰਾ ਲਿਖਿਆ ਸ਼ੁਭ ਸਮਾਚਾਰ ਹੈ, ਇਸ ਵਿਚ ਯਿਸੂ ਦੁਆਰਾ ਲੋਕਾਂ ਦੇ ਭਲੇ ਲਈ ਕੀਤੇ ਕੰਮਾਂ ਦਾ ਵਰਣਨ ਹੈ ਅਤੇ ਅਖੀਰਲੇ ਅਧਿਆਇ ਵਿਚ ਯਿਸੂ ਦੀ ਸਲੀਬੀ ਮੌਤ ਅਤੇ ਫਿਰ ਤੋਂ ਜੀਅ ਉਠਣ ਦਾ ਜ਼ਿਕਰ ਮਿਲਦਾ ਹੈ।

- **ਸੰਤ ਲੂਕਾ** :- ਇਹ ਪੁਸਤਕ ਸੰਤ ਲੂਕਾ ਦੁਆਰਾ ਲਿਖਿਆ ਸ਼ੁਭ ਸਮਾਚਾਰ ਹੈ, ਇਸ ਪੁਸਤਕ ਵਿਚ ਯਿਸੂ ਦੇ ਜੀਵਨ ਦੇ ਨਾਲ-ਨਾਲ ਯਿਸੂ ਦੁਆਰਾ ਲੋਕਾਂ ਦੇ ਭਲੇ ਲਈ ਕੀਤੀ ਸੇਵਾ ਦਾ ਜ਼ਿਕਰ ਹੈ।

- **ਸੰਤ ਯੂਹੰਨਾ** :- ਇਹ ਪੁਸਤਕ ਸੰਤ ਯੂਹੰਨਾ ਦੁਆਰਾ ਲਿਖਿਆ ਸ਼ੁਭ ਸਮਾਚਾਰ ਹੈ, ਇਹ ਯਿਸੂ ਨੂੰ ਪਰਮੇਸ਼ਰ ਦੇ ਅਨੰਤ ਸ਼ਬਦ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਪੁਸਤਕ ਵਿਚ ਇਕ ਮਹਤਵ ਪੂਰਨ ਗੁਣ ਇਹ ਹੈ ਕਿ ਇਸ ਵਿਚ ਸਧਾਰਨ ਵਸਤੂਆਂ ਦੀ ਵਰਤੋਂ ਕਰਕੇ ਆਤਮਕ ਸਚਾਈਆਂ ਦੇ ਅਰਥ ਪ੍ਰਗਟ ਕੀਤੇ ਗਏ ਹਨ।

- **ਚੇਲਿਆਂ ਦੇ ਕਰਤੱਬ** :- ਇਹ ਪੁਸਤਕ ਸੰਤ ਲੂਕਾ ਦੁਆਰਾ ਲਿਖੀ ਗਈ ਹੈ, ਇਹ ਇਕ ਇਤਿਹਾਸਕ ਪੁਸਤਕ ਹੈ, ਜਿਸ ਵਿਚ ਯਿਸੂ ਮਸੀਹ ਦੇ ਪ੍ਰਮੁਖ ਚੇਲਿਆਂ ਦੇ ਕੰਮਾਂ ਦਾ ਵਰਣਨ ਹੈ। ਇਸ ਪੁਸਤਕ ਦਾ ਪਹਿਲਾ ਭਾਗ ਸੰਤ ਪਤਰਸ ਅਤੇ ਦੂਜੇ ਭਾਗ ਸੰਤ ਪਾਲ ਨਾਲ ਸੰਬੰਧਿਤ ਹੈ।ਇਸ ਪੁਸਤਕ ਵਿਚ ਚਰਚ ਦੀ ਸਥਾਪਨਾ ਦਾ ਜ਼ਿਕਰ ਵੀ ਮਿਲਦਾ ਹੈ।

- **ਰੋਮੀਆਂ ਨੂੰ** :- ਇਹ ਪੁਸਤਕ ਸੰਤ ਪਾਲ ਦੁਆਰਾ ਰੋਮ ਵਾਸੀਆਂ ਨੂੰ ਲਿਖਿਆ ਇਕ ਪਤਰ ਹੈ, ਜਿਸ ਵਿਚ ਦਸਿਆ ਗਿਆ ਹੈ ਕਿ ਪ੍ਰਭੂ ਯਿਸੂ ਮਸੀਹ ਉਤੇ ਵਿਸ਼ਵਾਸ ਕਰਨ ਨਾਲ ਪਾਪਾਂ ਦੀ ਗੁਲਾਮੀ ਤੋਂ ਆਜ਼ਾਦੀ ਮਿਲ ਸਕਦੀ ਹੈ।

- **ਕੁਰਿੰਥੀਆਂ ਨੂੰ ਪਹਿਲਾ ਪੱਤਰ** :- ਇਹ ਪੁਸਤਕ ਸੰਤ ਪਾਲ ਦੁਆਰਾ ਕੁਰਿੰਥੀਆਂ ਦੀ ਸੰਗਤ ਨੂੰ ਮਸੀਹੀ ਵਿਸ਼ਵਾਸ ਅਤੇ ਜੀਵਨ ਸੰਬੰਧੀ ਪੈਦਾ ਹੋਈਆਂ ਸਮਸਿਆਵਾਂ ਬਾਰੇ ਲਿਖਿਆ ਪਹਿਲਾ ਪੱਤਰ ਹੈ। ਕੁਰਿੰਥੀਆਂ ਦੀ ਵਿਸ਼ਵਾਸ ਸੰਗਤ ਦੀ ਸਥਾਪਨਾ ਸੰਤ ਪਾਲ ਨੇ ਕੀਤੀ ਸੀ। ਇਸ ਪੱਤਰ ਵਿਚ ਪਿਆਰ ਬਾਰੇ ਇਕ ਪੂਰਾ ਅਧਿਆਇ ਦਰਜ਼ ਹੈ।

- **ਕੁਰਿੰਥੀਆਂ ਨੂੰ ਦੂਜਾ ਪੱਤਰ** :- ਇਹ ਪੁਸਤਕ ਸੰਤ ਪਾਲ ਦੁਆਰਾ ਕੁਰਿੰਥੀਆਂ ਦੀ ਸੰਗਤ ਨੂੰ ਮਸੀਹੀ ਵਿਸ਼ਵਾਸ ਅਤੇ ਜੀਵਨ ਸੰਬੰਧੀ ਪੈਦਾ ਹੋਈਆਂ ਸਮਸਿਆਵਾਂ ਬਾਰੇ ਲਿਖਿਆ ਦੂਜਾ ਪੱਤਰ ਹੈ। ਪੁਸਤਕ ਦੇ ਆਰੰਭ ਵਿਚ ਸੰਤ ਪਾਲ ਕੁਰਿੰਥੀਆਂ ਦੀ ਵਿਸ਼ਵਾਸ ਸੰਗਤ ਨਾਲ ਆਪਣੇ ਸੰਬੰਧਾਂ ਬਾਰੇ ਲਿਖਦਾ ਹੈ ਅਤੇ ਅੰਤ ਵਿਚ ਸੰਤ ਪਾਲ ਆਪਣੇ ਰਸੂਲ ਹੋਣ ਬਾਰੇ ਦਾਅਵੇ ਨੂੰ ਸੱਚਾ ਸਿੱਧ ਕਰਦਾ ਹੈ।

- **ਗਲਾਤੀਆਂ ਨੂੰ** :- ਇਹ ਪੱਤਰ ਸੰਤ ਪਾਲ ਵੱਲੋਂ ਗਲਾਤੀਆਂ ਦੀ ਸੰਗਤ ਨੂੰ ਲਿਖਿਆ ਗਿਆ ਹੈ। ਇਸ ਵਿਚ ਗਲਾਤੀਆਂ ਨੂੰ ਪਰਸਪਰ ਸਹਾਇਤਾ, ਸੇਵਾ ਮਾਰਗ ਅਤੇ ਦੈਵੀ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ ਅਤੇ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਕੇਵਲ ਵਿਸ਼ਵਾਸ ਨਾਲ ਹੀ ਮਨੁਖ ਦਾ ਪਰਮੇਸ਼ਰ ਨਾਲ ਉਚਿਤ ਸੰਬੰਧ ਹੋ ਸਕਦਾ ਹੈ। ਪੁਸਤਕ ਦੇ ਅਖੀਰਲੇ ਦੋ ਅਧਿਆਇਆਂ ਵਿਚ ਲੇਖਕ ਨੇ ਮਸੀਹੀ ਆਚਰਨ ਦਾ ਅਧਾਰ ਯਿਸੂ ਮਸੀਹ ਉਤੇ ਵਿਸ਼ਵਾਸ ਨੂੰ ਦੱਸਿਆ ਹੈ।

- **ਅਫ਼ਸੀਆ ਨੂੰ** :- ਇਹ ਪੱਤਰ ਸੰਤ ਪਾਲ ਵੱਲੋਂ ਅਫ਼ਸੀਆਂ ਦੀ ਸੰਗਤ ਨੂੰ ਲਿਖਿਆ ਗਿਆ ਹੈ, ਇਸ ਵਿਚ ਸੰਤ ਪਾਲ ਅਫ਼ਸੀਆਂ ਦੀ ਸੰਗਤ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਮਨੁਖ ਨੂੰ ਅਨੇਕਾਂ ਅਵਗੁਣਾਂ ਨੂੰ ਤਿਆਗ ਕੇ ਪਰਮੇਸ਼ਰ ਦੁਆਰਾ ਦੱਸੇ ਗੁਣਾਂ ਜਿਵੇਂ ਕਿ ਪਿਆਰ, ਸੇਵਾ ਅਤੇ ਨਿਮਰਤਾ ਆਦਿ। ਇਸ ਪੁਸਤਕ ਵਿਚ ਹਰ ਚੀਜ਼ ਮਸੀਹ ਦੇ ਪਿਆਰ, ਕੁਰਬਾਨੀ, ਕ੍ਰਿਪਾ ਅਤੇ ਪਵਿਤਰਤਾ ਦੇ ਅਧਾਰ ‘ਤੇ ਦੇਖੀ ਗਈ ਹੈ।

- **ਫ਼ਿਲਿਪੀਆਂ ਨੂੰ** :- ਇਹ ਪੁਸਤਕ ਸੰਤ ਪਾਲ ਦੁਆਰਾ ਫ਼ਿੱਲਿਪੀਆਂ ਦੀ ਵਿਸ਼ਵਾਸ ਸੰਗਤ ਨੂੰ ਲਿਖਿਆ ਪੱਤਰ ਹੈ। ਇਸ ਪੱਤਰ ਵਿਚ ਸ਼ੁਭ ਸਮਾਚਾਰਾਂ ਅਨੁਸਾਰ ਜੀਵਨ ਜਿਉਣ ਅਤੇ ਦੁਨਿਆਵੀ ਮੋਹ ਅਤੇ ਲਾਲਚ ਤੋਂ ਬਚਣ ਲਈ ਕਿਹਾ ਗਿਆ ਹੈ।

- **ਕੁਲੁਸੀਆ ਨੂੰ** :- ਇਹ ਪੁਸਤਕ ਵਿਚ ਸੰਤ ਪਾਲ ਦੁਆਰਾ ਕੁਲਸੇ ਦੀ ਵਿਸ਼ਵਾਸ ਸੰਗਤ ਨੂੰ ਲਿਖਿਆ ਇਕ ਪੱਤਰ ਹੈ। ਇਹ ਪੱਤਰ ਸੰਤ ਪਾਲ ਨੇ ਤੁਖਿਕੁਸ ਦੇ ਰਾਹੀਂ ਕੁਲਸੇ ਨਿਵਾਸੀਆਂ ਨੂੰ ਭੇਜਿਆ ਸੀ। ਇਸ ਵਿਚ ਸੰਤ ਪਾਲ ਨੇ ਝੂਠੀਆਂ ਸਿਖਿਆਵਾਂ ਦਾ ਖੰਡਨ ਕੀਤਾ ਹੈ ਅਤੇ ਸੱਚੇ ਮਸੀਹੀ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਇਆ ਹੈ।

- **ਥਸਲੁਨੀਕੀਆ ਨੂੰ ਪਹਿਲਾ ਪੱਤਰ** :-ਇਹ ਪੁਸਤਕ ਸੰਤ ਪਾਲ ਦੁਆਰਾ ਥਸਲੁਨੀਕੀਆ ਦੀ ਵਿਸ਼ਵਾਸ ਸੰਗਤ ਨੂੰ ਲਿਖਿਆ ਪਹਿਲਾ ਪੱਤਰ ਹੈ। ਇਸ ਵਿਚ ਸੰਤ ਪਾਲ ਨੇ ਥਸਲੁਨੀਕੀਆ ਦੇ ਮਸੀਹੀ ਵਿਸ਼ਵਾਸ ਸੰਗਤ ਵਾਲੇ ਲੋਕਾਂ ਨੂੰ ਆਪਣੇ ਵਿਸ਼ਵਾਸ ਵਿਚ ਹੋਰ ਵੀ ਦ੍ਰਿੜ ਹੋਣ ਅਤੇ ਸਥਿਰ ਰਹਿਣ ਲਈ ਕਿਹਾ ਹੈ। ਇਸ ਪੱਤਰ ਵਿਚ ਸੰਤ ਪਾਲ ਨੇ ਮਸੀਹ ਦੇ ਦੁਬਾਰਾ ਆਉਣ ਦਾ ਵੀ ਜ਼ਿਕਰ ਕੀਤਾ ਹੈ।

- **ਥਸਲੁਨੀਕੀਆ ਨੂੰ ਦੂਜਾ ਪੱਤਰ** :- ਇਹ ਪੁਸਤਕ ਸੰਤ ਪਾਲ ਦੁਆਰਾ ਥਸਲੁਨੀਕੀਆ ਦੀ ਵਿਸ਼ਵਾਸ ਸੰਗਤ ਨੂੰ ਲਿਖਿਆ ਦੂਜਾ ਪੱਤਰ ਹੈ। ਇਸ ਵਿਚ ਸੰਤ ਪਾਲ ਨੇ ਉਥੋਂ ਦੇ ਮਸੀਹੀ ਵਿਸ਼ਵਾਸ ਵਾਲੇ ਲੋਕਾਂ ਨੂੰ ਮਸੀਹੀ ਵਿਸ਼ਵਾਸ ਵਿਚ ਮਜਬੂਤ ਰਹਿਣ ਲਈ ਅਤੇ ਭਲੇ ਕੰਮ ਕਰਨ ਲਈ ਕਿਹਾ ਹੈ।

- **ਤਿਮੋਥਿਉਸ ਨੂੰ ਪਹਿਲਾ ਪੱਤਰ** :- ਇਹ ਪੁਸਤਕ ਇਕ ਪੱਤਰ ਹੈ, ਜੋ ਸੰਤ ਪਾਲ ਦੁਆਰਾ ਤਿਮੋਥਿਉਸ ਨੂੰ ਲਿਖਿਆ ਗਿਆ ਹੈ। ਤਿਮੋਥਿਉਸ ਸੰਤ ਪਾਲ ਦਾ ਸਾਥੀ ਸੀ ਅਤੇ ਮਿਸ਼ਨਰੀ ਸੇਵਾ ਵਿਚ ਸੰਤ ਪਾਲ ਦਾ ਮਦਦਗਾਰ ਸੀ। ਇਸ ਪੁਸਤਕ ਵਿਚ ਝੂਠੀਆਂ ਸਿਖਿਆਵਾਂ ਦੇ ਵਿਰੁੱਧ ਚਿਤਾਵਨੀ ਦਿਤੀ ਗਈ ਹੈ, ਵਿਸ਼ਵਾਸ ਸੰਗਤ ਦੇ ਪ੍ਰਬੰਧਕਾਂ ਦੇ ਗੁਣਾਂ ਬਾਰੇ ਦਸਿਆ ਗਿਆ ਹੈ ਅਤੇ ਅਖੀਰ ਵਿਚ ਤਿਮੋਥਿਉਸ ਨੂੰ ਪ੍ਰਭੂ ਯਿਸੂ ਮਸੀਹ ਦਾ ਇਕ ਜਿੰਮੇਵਾਰ ਸੇਵਾਦਾਰ ਬਣਨ ਦਾ ਉਤਸ਼ਾਹ ਦਿਤਾ ਗਿਆ ਹੈ।

- **ਤਿਮੋਥਿਉਸ ਨੂੰ ਦੂਜਾ ਪੱਤਰ** :- ਇਹ ਪੁਸਤਕ ਵੀ ਸੰਤ ਪਾਲ ਦੀ ਹੀ ਰਚਨਾ ਹੈ, ਜੋ ਤਿਮੋਥਿਉਸ ਨੂੰ ਹੀ ਲਿਖਿਆ ਪੱਤਰ ਹੈ। ਇਸ ਵਿਚ ਸੰਤ ਪਾਲ ਨੇ ਤਿਮੋਥਿਉਸ ਨੂੰ ਮਾੜੇ ਸਮੇਂ ਵਿਚ ਵੀ ਯਿਸੂ ਉਤੇ ਭਰੋਸਾ ਰਖਣ ਲਈ ਅਤੇ ਯਿਸੂ ਦੀਆਂ ਸਿਖਿਆਵਾਂ ਦਾ ਪਾਲਣ ਕਰਨ ਲਈ ਕਿਹਾ ਹੈ।

- **ਤੀਤੁਸ ਨੂੰ** :- ਇਹ ਪੱਤਰ ਸੰਤ ਪਾਲ ਦੁਆਰਾ ਤੀਤੁਸ ਨਾਂ ਦੇ ਵਿਅਕਤੀ ਨੂੰ ਲਿਖਿਆ ਗਿਆ ਹੈ। ਤੀਤੁਸ ਮਸੀਹੀ ਬਣਨ ਤੋਂ ਬਾਅਦ ਮਿਸ਼ਨਰੀ ਸੇਵਾ ਵਿਚ ਸੰਤ ਪਾਲ ਦਾ ਸਾਥੀ ਅਤੇ ਮਦਦਗਾਰ ਬਣਿਆ। ਇਸ ਪੱਤਰ ਵਿਚ ਸੰਤ ਪਾਲ ਨੇ ਤੀਤੁਸ ਨੂੰ ਇਕ ਚੰਗੇ ਮਸੀਹੀ ਆਗੂ ਦੇ ਗੁਣਾਂ ਬਾਰੇ ਦਸਿਆ ਹੈ ਅਤੇ ਤੀਤੁਸ ਨੂੰ ਇਹ ਵੀ ਦਸਿਆ ਹੈ ਕਿ ਦੂਜੇ ਲੋਕਾਂ ਨਾਲ ਚੰਗਾ ਵਰਤਾਓ ਕਿਵੇਂ ਕਰਨਾ ਹੈ। ਪੁਸਤਕ ਦੇ ਅਖੀਰ ਵਿਚ ਅੰਤਮ ਹਦਾਇਤਾਂ ਅਤੇ ਨਮਸ਼ਕਾਰ ਦਾ ਜ਼ਿਕਰ ਹੈ।

- **ਫਿਲੇਮੋਨ ਨੂੰ** :- ਇਹ ਪੁਸਤਕ ਇਕ ਪੱਤਰ ਹੈ, ਜੋ ਸੰਤ ਪਾਲ ਵੱਲੋਂ ਫਿਲੇਮੋਨ ਨਾਂ ਦੇ ਵਿਅਕਤੀ ਨੂੰ ਲਿਖਿਆ ਗਿਆ ਹੈ। ਉਨੇਸਿਮੁਸ ਦਾ ਸੰਤ ਪਾਲ ਨਾਲ ਮੇਲ ਹੋਇਆ ਅਤੇ ਸੰਤ ਪਾਲ ਤੋਂ ਪ੍ਰਭਾਵਿਤ ਹੋ ਕੇ ਉਹ ਮਸੀਹੀ ਬਣ ਗਿਆ। ਸੰਤ ਪਾਲ ਨੇ ਇਸ ਪੱਤਰ ਵਿਚ ਫਿਲੇਮੋਨ ਨੂੰ ਲਿਖਿਆ ਹੈ ਕਿ ਉਹ ਉਨੇਸਿਮੁਸ ਨੂੰ ਉਸ ਕੋਲ ਵਾਪਸ ਭੇਜ ਰਿਹਾ ਹੈ ਅਤੇ ਹੁਣ ਫਿਲੇਮੋਨ ਉਸ ਨੂੰ ਇਕ ਗੁਲਾਮ ਦੇ ਤੌਰ ਤੇ ਸਵੀਕਾਰ ਨਾ ਕਰੇ ਸਗੋਂ ਉਸ ਨੂੰ ਮਸੀਹੀ ਭਰਾ ਦੇ ਤੌਰ ਤੇ ਵੀ ਸਵੀਕਾਰ ਕਰੇ।

- **ਇਬਰਾਨੀਆਂ ਨੂੰ** :- ਇਹ ਪੁਸਤਕ ਇਬਰਾਨੀਆਂ ਨੂੰ ਲਿਖਿਆ ਪੱਤਰ ਹੈ। ਇਸ ਵਿਚ ਯਿਸੂ ਮਸੀਹ ਨੂੰ ਮਹਾਨ ਮੁਕਤੀਦਾਤਾ ਦੇ ਰੂਪ ਵਿਚ ਦਰਸਾਇਆ ਗਿਆ ਹੈ ਅਤੇ ਦਸਿਆ ਹੈ ਕਿ ਉਹ ਸਵਰਗ ਦੂਤਾਂ ਤੋਂ ਵੀ ਉਚਾ ਹੈ। ਪੁਸਤਕ ਦੇ ਅਖੀਰ ਵਿਚ ਸੁਭ ਅਸੀਸ ਅਤੇ ਅੰਤਮ ਨਮਸ਼ਕਾਰ ਦਾ ਜ਼ਿਕਰ ਹੈ।

- **ਯਾਕੂਬ ਦਾ ਪੱਤਰ** :- ਇਹ ਪੁਸਤਕ ਸੰਤ ਯਾਕੂਬ ਦੀ ਰਚਨਾ ਹੈ। ਇਸ ਪੁਸਤਕ ਵਿਚ ਰਚਨਾਕਾਰ ਪਰਮੇਸ਼ਰ ਦੇ ਲੋਕਾਂ ਨੂੰ ਮਸੀਹੀ ਵਿਸ਼ਵਾਸ ਦੇ ਨਾਲ ਨਾਲ ਨੈਤਿਕ ਕੰਮਾਂ ਨੂੰ ਵੀ ਉਨ੍ਹਾਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਮੰਨਣ ਲਈ ਕਹਿੰਦਾ ਹੈ।

- **ਪਤਰਸ ਦਾ ਪਹਿਲਾ ਪੱਤਰ** :- ਇਹ ਪੁਸਤਕ ਸੰਤ ਪਤਰਸ ਦੀ ਰਚਨਾ ਹੈ, ਜੋ ਇਕ ਪੱਤਰ ਦੇ ਰੂਪ ਵਿਚ ਹੈ। ਇਹ ਪੱਤਰ ਉਨਾਂ ਲੋਕਾਂ ਦੇ ਉਤਸ਼ਾਹ ਨੂੰ ਮਜਬੂਤ ਕਰਨ ਲਈ ਲਿਖਿਆ ਗਿਆ ਹੈ, ਜੋ ਆਪਣੇ ਆਪ ਨੂੰ ਪਰਮੇਸ਼ਰ ਦੇ ਚੁਣੇ ਹੋਏ ਲੋਕ ਕਹਿੰਦੇ ਸਨ। ਇਸ ਵਿਚ ਸ਼ੁਭ ਸਮਾਚਾਰਾਂ ਨੂੰ ਦੁਬਾਰਾ ਯਾਦ ਕਰਵਾਇਆ ਗਿਆ ਹੈ ਤਾਂ ਕਿ ਲੋਕ ਆਪਣੇ ਭਰੋਸੇ ਤੋਂ ਨਾ ਡੋਲਣ।

- **ਪਤਰਸ ਦਾ ਦੂਜਾ ਪੱਤਰ** :- ਇਹ ਪੁਸਤਕ ਸੰਤ ਪਤਰਸ ਦਾ ਦੂਜਾ ਪੱਤਰ ਹੈ। ਇਸ ਪੱਤਰ ਵਿਚ ਝੂਠੇ ਨਬੀਆਂ ਤੋਂ ਦੂਰ ਰਹਿਣ ਲਈ ਕਿਹਾ ਹੈ ਅਤੇ ਪਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਉਤੇ ਭਰੋਸਾ ਰਖ ਕੇ ਪਾਪ ਤੋਂ ਮੂੰਹ ਮੋੜਨ ਲਈ ਕਿਹਾ ਹੈ।

- **ਯੂਹੰਨਾ ਦਾ ਪਹਿਲਾ ਪੱਤਰ** :- ਇਸ ਪੁਸਤਕ ਵਿਚ ਪਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਦੀ ਸੰਗਤ ਵਿਚ ਰਹਿਣ ਦੀ ਪ੍ਰੇਰਨਾ ਦਿਤੀ ਗਈ ਹੈ, ਝੂਠੀ ਸੰਗਤ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ ਅਤੇ ਇਸ ਪੁਸਤਕ ਵਿਚ ਨੈਤਿਕ ਨੇਮ ਪਿਆਰ ਬਾਰੇ ਬਿਆਨ ਮਿਲਦਾ ਹੈ।

- **ਯੂਹੰਨਾ ਦਾ ਦੂਜਾ ਪੱਤਰ** :- ਇਹ ਪੁਸਤਕ ਸੰਤ ਯੂਹੰਨਾ ਦੀ ਰਚਨਾ ਹੈ। ਇਸ ਪੁਸਤਕ ਦੇ ਆਰੰਭ ਤੋਂ ਹੀ ਇਹ ਪਤਾ ਲਗਦਾ ਹੈ ਕਿ ਇਹ ਪੱਤਰ ਇਕ ਬਜ਼ੁਰਗ ਦੇ ਰਾਹੀਂ ਪਰਮੇਸ਼ਰ ਦੀ ਚੁਣੀ ਹੋਈ ਇਕ ਬੀਬੀ ਅਤੇ ਉਸ ਦੇ ਬੱਚਿਆਂ ਨੂੰ ਲਿਖਿਆ ਕਿਆ ਹੈ। ਇਸ ਪੁਸਤਕ ਵਿਚ ਨੈਤਿਕ ਨੇਮ ਪਿਆਰ ਬਾਰੇ ਬਿਆਨ ਮਿਲਦਾ ਹੈ।

- **ਯੂਹੰਨਾ ਦਾ ਤੀਜਾ ਪੱਤਰ** :- ਇਸ ਪੁਸਤਕ ਦੇ ਆਰੰਭ ਵਿਚ ਹੀ ਇਹ ਪਤਾ ਲਗਦਾ ਹੈ ਕਿ ਇਹ ਪੱਤਰ ਇਕ ਬਜ਼ੁਰਗ ਦੇ ਰਾਹੀਂ, ਗਾਯੁਸ ਨੂੰ ਲਿਖਿਆ ਹੈ, ਜੋ ਇਕ ਵਿਸ਼ਵਾਸ ਸੰਗਤ ਦਾ ਆਗੂ ਹੈ। ਇਸ ਪੱਤਰ ਵਿਚ ਗਾਯੁਸ ਦੁਆਰਾ ਮਸੀਹੀ ਸੰਗਤ ਦੀ ਕੀਤੀ ਮਦਦ ਦੀ ਵਡਿਆਈ ਕੀਤੀ ਗਈ ਹੈ, ਦਿਯੁਤ੍ਰਿਫੇਸ਼ ਨਾਂ ਦੇ ਵਿਅਕਤੀ ਦੇ ਵਿਰੁਧ ਚਿਤਾਵਨੀ ਹੈ ਅਤੇ ਪੁਸਤਕ ਦੇ ਅਖੀਰ ਵਿਚ ਅੰਤਮ ਨਮਸਕਾਰ ਹੈ।

- **ਯਹੂਦਾਹ ਦਾ ਪੱਤਰ (Judah)** :- ਇਸ ਪੁਸਤਕ ਵਿਚ ਰਚਨਾਕਾਰ ਨੇ ਝੂਠੇ ਸਿਖਿਅਕਾਂ ਦੇ ਵਿਰੁਧ ਚਿਤਾਵਨੀ ਦਿਤੀ ਹੈ। ਪੁਸਤਕ ਦੇ ਅਖੀਰਲ ਵਿਚ ਲੋਕਾਂ ਨੂੰ ਅਸੀਸ ਦਿਤੀ ਗਈ ਹੈ, ਜੋ ਅਸ਼ੀਰਵਾਦ ਦੇ ਸਿਰਲੇਖ ਹੇਠ ਪੁਸਤਕ ਵਿਚ ਦਰਜ਼ ਹੈ।

- **ਪਰਕਾਸ਼ ਦੀ ਪੋਥੀ (Revelation)** :- ਇਹ ਪੁਸਤਕ ਸੰਤ ਯੂਹੰਨਾ ਦੀ ਰਚਨਾ ਹੈ। ਰਚਨਾਕਾਰ ਨੇ ਪੁਸਤਕ ਦੇ ਵਿਚ ਕਈ ਥਾਂ ਚਿੰਨਾਤਮਕ ਅਤੇ ਰਹੱਸਮਈ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਪੁਸਤਕ ਦਾ ਮੁਖ ਵਿਸ਼ਾ ਪਰਮੇਸ਼ਰ ਅਤੇ ਯਿਸੂ ਮਸੀਹ ਵਿਚ ਵਿਸ਼ਵਾਸ ਹੈ। ਪੁਸਤਕ ਦੇ ਅਖੀਰ ਵਿਚ ਅੰਤਮ ਨਿਆਂ, ਨਵਾਂ ਅਕਾਸ਼ ਅਤੇ ਨਵੀਂ ਧਰਤੀ ਦਾ ਜ਼ਿਕਰ ਮਿਲਦਾ ਹੈ।

## ਸਾਰਣੀ ਨੰ. 1

**ਨਵਾਂ ਨੇਮ (New Testament)**

| ਲੜੀ ਨੰ. | Full Name | Short Name | ਪੂਰਾ ਨਾਂ | ਛੋਟਾ ਨਾਂ | ਅਧਿਆਇ ਗਿਣਤੀ | ਪਦ/ਬੰਦ | ਪੰਨਾ ਨੰ |
|---|---|---|---|---|---|---|---|
| 1. | Matthew | Matt. | ਸੰਤ ਮੱਤੀ | ਮੱਤੀ. | 28 | 1071 | 1-43 |

| | | | | | | | |
|---|---|---|---|---|---|---|---|
| 2. | Mark | Mark | ਸੰਤ ਮਰਕੁਸ | ਮਰ. | 16 | 677 | 43–70 |
| 3. | Luke | Luke | ਸੰਤ ਲੂਕਾ | ਲੂਕ. | 24 | 1150 | 70–115 |
| 4. | John | John | ਸੰਤ ਯੂਹੰਨਾ | ਯੂਹ. | 21 | 899 | 116–150 |
| 5. | Acts | Acts | ਚੇਲਿਆਂ ਦੇ ਕਰਤੱਬ | ਕਰ. | 28 | 1007 | 151–195 |
| 6. | Romans | Rom. | ਰੋਮੀਆਂ ਨੂੰ | ਰੋਮ. | 16 | 433 | 196–215 |
| 7. | 1 Corinthians | 1 Cor. | 1 ਕੁਰਿੰਥੀਆ ਨੂੰ | 1 ਕੁਰਿ. | 16 | 437 | 215–233 |
| 8. | 2 Corinthians | 2 Cor. | 2 ਕੁਰਿੰਥੀਆ ਨੂੰ | 2 ਕੁਰਿ. | 13 | 257 | 233–245 |
| 9. | Galatians | Gal. | ਗਲਾਤੀਆਂ ਨੂੰ | ਗਲ. | 06 | 132 | 245–251 |
| 10. | Ephesians | Eph. | ਅਫ਼ਸੀਆ ਨੂੰ | ਅਫ਼. | 06 | 175 | 252–257 |
| 11. | Philippians | Phil. | ਫ਼ਿਲਿੱਪੀਆ ਨੂੰ | ਫ਼ਿਲਿ. | 04 | 104 | 258–262 |
| 12. | Colossians | Col. | ਕੁਲੁੱਸੀਆ ਨੂੰ | ਕੁਲੁ. | 04 | 125 | 262–266 |
| 13. | 1 Thessalonians | 1 Thess. | 1 ਥੱਸਲੁਨੀਕੀਆ ਨੂੰ | 1 ਥਸ. | 05 | 89 | 266–270 |
| 14. | 2 Thessalonians | 2 Thess. | 2 ਥੱਸਲੁਨੀਕੀਆ ਨੂੰ | 2 ਥਸ. | 03 | 47 | 270–272 |
| 15. | 1 Timothy | 1 Tim. | 1 ਤਿਮੋਥਿਉਸ | 1 ਤਿਮੋ. | 06 | 113 | 273–277 |
| 16. | 2 Timothy | 2 Tim. | 2 ਤਿਮੋਥਿਉਸ | 2 ਤਿਮੋ. | 04 | 83 | 278–281 |
| 17. | Titus | Titus | ਤੀਤੁਸ ਨੂੰ | ਤੀਤੁ. | 03 | 46 | 281–283 |
| 18. | Philemon | Philem. | ਫਿਲੇਮੋਨ | ਫਿਲੇ. | 01 | 25 | 284 |
| 19. | Hebrews | Heb. | ਇਬਰਾਨੀਆ ਨੂੰ | ਇਬ. | 13 | 303 | 285–299 |
| 20. | James | James | ਯਾਕੂਬ ਦੀ ਪੱਤਰੀ | ਯਾਕੂ. | 05 | 108 | 299–304 |
| 21. | 1 Peter | 1 Pet. | 1 ਪਤਰਸ | 1 ਪਤ. | 05 | 105 | 304–309 |
| 22. | 2 Peter | 2 Pet. | 2 ਪਤਰਸ | 2 ਪਤ. | 03 | 62 | 309–312 |
| 23. | 1 John | 1 John | 1 ਯੂਹੰਨਾ | 1 ਯੂਹ. | 05 | 105 | 313–317 |
| 24. | 2 John | 2 John | 2 ਯੂਹੰਨਾ | 2 ਯੂਹ. | 01 | 13 | 318 |
| 25. | 3 John | 3 John | 3 ਯੂਹੰਨਾ | 3 ਯੂਹ. | 01 | 14 | 318–319 |
| 26. | Jude | Jude | ਯਹੂਦਾਹ | ਯਹੂ. | 01 | 25 | 319–320 |
| 27. | Revelation | Rev. | ਪਰਕਾਸ਼ ਦੀ ਪੋਥੀ | ਪਰ. | 22 | 395 | 321–344 |

## ਸਾਰਣੀ ਨੰ. 2

**ਨਵਾਂ ਨੇਮ (New Testament)**

| ਲੜੀ ਨੰ. | ਪੁਸਤਕ ਦਾ ਨਾਂ | ਅਧਿਅਇ ਨੰਬਰ | ਅਧਿਆਇ ਸਿਰਲੇਖ | ਪੰਨਾ ਨੰ. |
|---|---|---|---|---|
| 1. | ਸੰਤ ਮੱਤੀ | 28 | • ਪ੍ਰਭੂ ਯਿਸ਼ੂ ਮਸੀਹ ਦੀ ਕੁਲਪੱਤ੍ਰੀ ਤੇ ਜਨਮ<br>• ਜੋਤਸ਼ੀ ਅਤੇ ਰਾਜਾ ਹੇਰੋਦੇਸ<br>• ਯੂਹੰਨਾ ਬਪਤਿਸਮਾ ਦੇਣ ਵਾਲਾ ਅਤੇ ਪ੍ਰਭੂ ਦਾ ਬਪਤਿਸਮਾ<br>• ਪ੍ਰਭੂ ਦਾ ਪਰਤਾਇਆ ਜਾਣਾ ਅਤੇ ਸੇਵਾ ਦਾ ਅਰੰਭ<br>• ਪਹਾੜੀ ਉਪਦੇਸ਼<br>• ਪ੍ਰਭੂ ਵਾਲੀ ਪ੍ਰਾਰਥਨਾ<br>• ਮਸੀਹ ਦਾ ਇਖ਼ਤਿਆਰ ਵਾਲਾ ਉਪਦੇਸ਼<br>• ਮਸੀਹ ਦੇ ਇਖ਼ਤਿਆਰ ਵਾਲੇ ਕੰਮ<br>• ਮੱਤੀ ਨੂੰ ਸੱਦਾ<br>• ਬਾਰਾਂ ਰਸੂਲ<br>• ਯੂਹੰਨਾ ਲਈ ਉਸਤਤ<br>• ਸਬਤ ਨੂੰ ਮੰਨਣਾ। ਪਵਿੱਤ੍ਰ ਆਤਮਾ ਦੇ ਵਿਰੁਧ ਪਾਪ<br>• ਸੁਰਗ ਦੇ ਰਾਜ ਦੇ ਦ੍ਰਿਸ਼ਟਾਂਤ<br>• ਯੂਹੰਨਾ ਦੀ ਮੌਤ। ਪੰਜ ਹਜ਼ਾਰ ਨੂੰ ਖੁਆਓਣਾ<br>• ਜੂਠ ਤੇ ਸੱਚ। ਚਾਰ ਹਜ਼ਾਰ ਨੂੰ ਖੁਆਉਣਾ<br>• ਪਤਰਸ ਦਾ ਇਕਰਾਰ- "ਤੂੰ ਮਸੀਹ ਪਰਮੇਸ਼ਰ ਦਾ ਪੁੱਤ੍ਰ ਹੈ"<br>• ਪ੍ਰਭੂ ਦੇ ਰੂਪ ਦਾ ਜਲਾਲੀ ਹੋਣਾ<br>• ਨਿਆਣਿਆਂ ਦੀ ਕਦਰ। ਮਾਫ਼ੀ<br>• ਤਿਆਗ ਪੱਤ੍ਰੀ। ਧਨੀ ਜੁਆਨ ਤੇ ਸੁਰਗ ਦਾ ਰਾਜ<br>• ਮਜ਼ਦੂਰੀ ਦੀ ਬਰਾਬਰੀ। ਅਸਲੀ ਵਡਿਆਈ ਸੇਵਾ ਵਿੱਚ ਹੈ<br>• ਸ਼ਾਹੀ ਦਾਖ਼ਲਾ। ਹੈਕਲ ਨੂੰ ਪਾਕ ਸਾਫ਼ ਕਰਨਾ<br>• ਰਾਜ ਕੁਮਾਰ ਦਾ ਵਿਆਹ। ਪਰਤਾਵੇ ਲਈ ਪ੍ਰਸ਼ਨ<br>• ਫ਼ਰੀਸੀਆਂ ਉੱਤੇ ਸੱਤ ਹਾਹਾ ਕਾਰ<br>• ਮਸੀਹ ਦੇ ਆਉਣ ਦੇ ਨਿਸ਼ਾਨ<br>• ਦਸ ਕੁਆਰੀਆਂ ਤੇ ਤੋੜਿਆਂ ਦੇ ਦ੍ਰਿਸ਼ਟਾਂਤ<br>• ਮਸੀਹ ਦਾ ਫੜਵਾਇਆ ਜਾਣਾ<br>• ਪ੍ਰਭੂ ਦੀ ਸਲੀਬੀ ਮੌਤ<br>• ਪ੍ਰਭੂ ਦਾ ਜੀ ਉੱਠਣਾ। | 1-2<br>2-3<br>3-4<br>4-5<br>5-7<br>7-8<br>8-9<br>9-11<br>11-12<br>12-14<br>14-15<br>15-17<br>17-19<br>19-20<br>21-22<br>22-23<br>23-24<br>24-26<br>26-27<br>27-28<br>28-30<br>30-32<br>32-33<br>33-35<br>35-37<br>37-40<br>40-42<br>42-43 |

| | | | | |
|---|---|---|---|---|
| 2. | ਸੰਤ ਮਰਕੁਸ | 16 | • ਪ੍ਰਭੂ ਯਿਸ਼ੂ ਮਸੀਹ ਦਾ ਬਪਤਿਸਮਾ ਤੇ ਪਰਤਾਵਾ<br>• ਅਧਰੰਗੀ ਤੇ ਕੋੜ੍ਹੀ ਦਾ ਚੰਗਾ ਕਰਨਾ। ਸਬਤ ਦਾ ਮਾਲਕ<br>• ਸਬਤ ਨੂੰ ਮੰਨਣਾ। ਪਵਿੱਤ੍ਰ ਆਤਮਾ ਦੇ ਵਿਰੁੱਧ ਪਾਪ<br>• ਬੀ ਬੀਜਣ ਵਾਲਾ। ਪੌਣ ਅਤੇ ਝੀਲ ਦਾ ਮਾਲਕ<br>• ਗਿਰਸੇਨੀ ਭੂਤ ਵਾਲਾ। ਜੈਰੁਸ ਦੀ ਧੀ ਨੂੰ ਜਿਵਾਲਣਾ<br>• ਬਾਰਾਂ ਚੇਲਿਆਂ ਦਾ ਮਿਸ਼ਨ। ਯੂਹੰਨਾ ਦੀ ਮੌਤ<br>• ਜੂਠ ਤੇ ਸੁੱਚ। ਯੂਨਾਨੀ ਤੀਵੀਂ ਦੀ ਨਿਹਚਾ<br>• ਚਾਰ ਹਜ਼ਾਰ ਨੂੰ ਖੁਆਉਣਾ। ਪਤਰਸ ਦਾ ਇਕਰਾਰ "ਤੂੰ ਮਸੀਹ ਹੈਂ"<br>• ਪ੍ਰਭੂ ਦੇ ਰੂਪ ਦਾ ਜਲਾਲੀ ਹੋਣਾ। ਮਿਰਗੀ ਵਾਲਾ ਮੁੰਡਾ<br>• ਤਿਆਗ ਪੱਤ੍ਰੀ। ਧਨੀ ਜੁਆਨ। ਸੇਵਾ ਵਿੱਚ ਮੇਵਾ<br>• ਸ਼ਾਹੀ ਦਾਖਲਾ। ਹੈਕਲ ਦਾ ਪਾਕ ਸਾਫ਼ ਕਰਨਾ<br>• ਜਜ਼ੀਯਾ ਤੇ ਕਿਆਮਤ ਤੇ ਪਰਤਾਵੇ ਲਈ ਪ੍ਰਸ਼ਨ। ਕੰਗਾਲ ਵਿਧਵਾ ਦਾ ਧੇਲਾ<br>• ਅੰਤ ਕਾਲ ਦੇ ਨਿਸ਼ਾਨ<br>• ਪ੍ਰਭੂ ਦਾ ਫੜਵਾਇਆ ਜਾਣਾ<br>• ਪ੍ਰਭੂ ਦੀ ਸਲੀਬੀ ਮੌਤ<br>• ਪ੍ਰਭੂ ਦਾ ਜੀ ਉੱਠਣਾ। | 43-45<br>45-46<br>46-47<br>47-49<br>49-50<br>50-52<br>53-54<br>54-56<br>56-58<br>58-60<br>60-61<br>61-63<br>63-64<br>65-67<br>67-69<br>69-70 |
| 3. | ਸੰਤ ਲੂਕਾ | 24 | • ਯੂਹੰਨਾ ਦਾ ਜਨਮ। ਮਰਿਯਮ ਦਾ ਗੀਤ। ਜ਼ਕਰਯਾਹ ਦਾ ਗੀਤ<br>• ਪ੍ਰਭੂ ਯਿਸ਼ੂ ਦਾ ਜਨਮ। ਅਯਾਲੀਆਂ ਦਾ ਆਉਣਾ। ਸਿਮਓਨ ਦਾ ਗੀਤ<br>• ਯੂਹੰਨਾ ਬਪਤਿਸਮਾ ਦੇਣ ਵਾਲਾ। ਪ੍ਰਭੂ ਦੀ ਕੁਲਪੱਤ੍ਰੀ<br>• ਪ੍ਰਭੂ ਦਾ ਪਰਤਾਇਆ ਜਾਣਾ ਅਤੇ ਸੇਵਾ ਦਾ ਅਰੰਭ<br>• ਇੱਕ ਕੋੜ੍ਹੀ ਦਾ ਸ਼ੁਧ ਹੋਣਾ। ਅਧਰੰਗੀ ਦਾ ਚੰਗਾ ਹੋਣਾ<br>• ਧੰਨਵਾਦਾਂ ਅਤੇ ਹਾਹਾ ਕਾਰੀਆਂ<br>• ਨਾਇਨ ਵਿਧਵਾ ਦੇ ਪੁੱਤ੍ਰ ਨੂੰ ਜੁਆਲਣਾ। ਯੂਹੰਨਾ ਲਈ ਉਸਤਤ<br>• ਬੀ ਬੀਜਣ ਵਾਲਾ। ਜੈਰੁਸ ਦੀ ਧੀ ਨੂੰ ਜੁਆਲਣਾ<br>• ਬਾਰਾਂ ਦਾ ਮਿਸ਼ਨ। ਪ੍ਰਭੂ ਦੇ ਰੂਪ ਦਾ ਜਲਾਲੀ ਹੋਣਾ<br>• ਸੱਤਰਾਂ ਦਾ ਮਿਸ਼ਨ। ਨੇਕ ਸਾਮਰੀ<br>• ਪ੍ਰਾਰਥਨਾ ਦੇ ਵਿਖੇ। ਯੂਨਾਹ ਦਾ ਨਿਸ਼ਾਨ<br>• ਪ੍ਰਭੂ ਦੀ ਉਡੀਕ ਵਿੱਚ ਰਹਿਣਾ<br>• ਸਬਤ ਨੂੰ ਮੰਨਣਾ। ਯਰੂਸ਼ਲਮ ਉੱਤੇ ਅਫ਼ਸੋਸ<br>• ਪਰਾਹੁਣਿਆਂ ਲਈ ਨਸੀਹਤ। ਚੇਲੇ ਹੋਣ ਦੀ ਸ਼ਰਤ<br>• ਗੁਆਚੀ ਹੋਈ ਭੇਡ। ਉਜਾੜੂ ਪੁੱਤ<br>• ਧਨੀ ਤੇ ਲਾਜ਼ਰ<br>• ਸਾਮਰੀ ਕੌੜ੍ਹੀ। ਪ੍ਰਭੂ ਦੇ ਪਰਗਟ ਹੋਣ ਦਾ ਦਿਨ<br>• ਪ੍ਰਾਰਥਨਾ ਦੇ ਵਿਖੇ: ਹਾਨੀ ਵਿਧਵਾ ਅਤੇ ਫ਼ਰੀਸੀ ਅਰ ਮਸੂਲੀਆ<br>• ਜ਼ੱਕੀ ਦੀ ਤਬਦੀਲੀ। ਅਸ਼ਰਫ਼ੀਆਂ ਦਾ ਦ੍ਰਿਸ਼ਟਾਂਤ। ਸ਼ਾਹੀ ਦਾਖ਼ਲਾ | 70-73<br>73-75<br>75-76<br>77-78<br>78-80<br>80-82<br>82-84<br>84-87<br>87-89<br>89-91<br>91-93<br>93-96<br>96-97<br>97-99<br>99-100<br>100-101<br>101-103<br>103-104<br>104-106<br>106-108 |

| | | | | |
|---|---|---|---|---|
| | | | • ਪਰਤਾਵੇ ਲਈ ਪ੍ਰਸ਼ਨ<br>• ਕੰਗਾਲ ਵਿਧਵਾ ਦਾ ਦਾਨ। ਅੰਤ ਕਾਲ ਦੇ ਨਿਸ਼ਾਨ<br>• ਪ੍ਰਭੂ ਦਾ ਫੜਿਆ ਜਾਣਾ ਤੇ ਪੇਸ਼ੀ<br>• ਪ੍ਰਭੂ ਦੀ ਸਲੀਬੀ ਮੌਤ<br>• ਪ੍ਰਭੂ ਦਾ ਜੀ ਉੱਠਣਾ। | 108-109<br>109-112<br>112-114<br>114-115 |
| 4. | ਸੰਤ ਯੂਹੰਨਾ | 21 | • ਸ਼ਬਦ ਦੇਹ ਧਾਰੀ ਹੋਇਆ। ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸਾਖੀ<br>• ਪ੍ਰਭੂ ਦੀ ਪਹਿਲੀ ਕਰਾਮਾਤ ਅਤੇ ਹੈਕਲ ਦਾ ਪਾਕ ਸਾਫ਼ ਕਰਨਾ<br>• ਪ੍ਰਭੂ ਅਤੇ ਨਿਕੁਦੇਮੁਸ<br>• ਪ੍ਰਭੂ ਅਤੇ ਸਾਮਰੀ ਤੀਵੀਂ<br>• ਬੇਥਜ਼ਥਾ ਦਾ ਰੋਗੀ। ਪਿਤਾ ਵੱਲੋਂ ਪੁੱਤ੍ਰ ਦਾ ਇਖ਼ਤਿਆਰ<br>• ਪੰਜ ਹਜ਼ਾਰ ਨੂੰ ਖੁਆਉਣਾ।"ਜੀਉਣ ਦੀ ਰੋਟੀ ਮੈਂ ਹਾਂ"<br>• ਪ੍ਰਭੂ ਦੇ ਵਿਖੇ ਭਾਂਤ ਭਾਂਤ ਦੇ ਖਿਆਲ<br>• "ਜਗਤ ਦਾ ਚਾਨਣ ਮੈਂ ਹਾਂ"<br>• ਜਮਾਂਦਰੂ ਅੰਨਾ<br>• "ਅੱਛਾ ਅਯਾਲੀ ਮੈਂ ਹਾਂ"। ਯਹੂਦੀਆਂ ਦਾ ਵਿਰੋਧ<br>• ਲਾਜ਼ਰ ਨੂੰ ਜਿਵਾਉਣਾ<br>• ਸ਼ਾਹੀ ਦਾਖ਼ਲਾ। ਯੂਨਾਨੀ ਪ੍ਰਭੂ ਦਾ ਦਰਸ਼ਨ ਲੋਚਦੇ ਹਨ<br>• ਪ੍ਰਭੂ ਚੇਲਿਆਂ ਦੇ ਪੈਰ ਧੋਂਦਾ ਹੈ<br>• ਪਵਿੱਤ੍ਰ ਆਤਮਾ ਲਈ ਬਚਨ<br>• ਅੰਗੂਰ ਦੀ ਬੇਲ ਅਤੇ ਟਹਿਣੀਆਂ<br>• ਮਸੀਹ ਦਾ ਜਾਣਾ ਅਤੇ ਸੱਚੇ ਸਹਾਇਕ ਦਾ ਆਉਣਾ<br>• ਪ੍ਰਭੂ ਦੀ ਪ੍ਰਾਰਥਨਾ<br>• ਪ੍ਰਭੂ ਦਾ ਫੜਿਆ ਜਾਣਾ ਅਤੇ ਪੇਸ਼ੀਆਂ<br>• ਸਲੀਬੀ ਮੌਤ<br>• ਪ੍ਰਭੂ ਦਾ ਜੀ ਉੱਠਣਾ<br>• ਆਖਰੀ ਦਰਸ਼ਣ | 116-118<br>118<br>118-120<br>120-122<br>122-124<br>124-126<br>126-128<br>128-130<br>131-132<br>132-134<br>134-136<br>136-138<br>138-139<br>139-141<br>141-142<br>142-143<br>143-144<br>144-146<br>146-148<br>148-149<br>149-150 |
| 5. | ਚੇਲਿਆਂ ਦੇ ਕਰਤੱਵ | 28 | • ਪਵਿੱਤ੍ਰ ਆਤਮਾ ਦਾ ਕਰਾਰ<br>• ਪੰਤੇਕੁਸਤ ਉੱਤੇ ਪਵਿੱਤ੍ਰ ਆਤਮਾ ਦਾ ਉਤਰਨਾ<br>• ਜਮਾਂਦਰੂ ਲੰਙੇ ਦਾ ਚੰਗਾ ਹੋਣਾ<br>• ਦਲੇਰੀ ਲਈ ਕਲੀਸਿਯਾ ਦੀ ਬੇਨਤੀ<br>• ਹਨਾਨਿਯਾ ਅਰ ਸਫ਼ੀਰਾ ਦਾ ਛਲ ਅਤੇ ਸਜ਼ਾ<br>• ਸੱਤ ਸੇਵਕਾਂ ਦਾ ਚੁਣਾਓ<br>• ਇਸਤੀਫ਼ਾਨ ਦਾ ਉਪਦੇਸ਼ ਅਤੇ ਮੌਤ<br>• ਕਲੀਸਿਯਾ ਦਾ ਸਤਾਇਆ ਜਾਣਾ। ਹਬਸ਼ੀ ਖੋਜਾ<br>• ਸੌਲੁਸ ਦਾ ਮਸੀਹੀ ਹੋਣਾ। ਤਬੀਥਾ ਦਾ ਜਿਵਾਉਣਾ<br>• ਪਰਾਈਆਂ ਕੌਮਾਂ ਉੱਤੇ ਪਵਿੱਤ੍ਰ ਆਤਮਾ ਦਾ ਉਤਰਨਾ<br>• ਅੰਤਾਕਿਯਾ ਦੀ ਕਲੀਸਿਯਾ<br>• ਪਤਰਸ ਦਾ ਕੈਦ ਵਿੱਚੋਂ ਛੁਟਕਾਰਾ | 151-152<br>152-154<br>154-155<br>155-157<br>157-159<br>159<br>159-162<br>162-164<br>164-165<br>166-167<br>168-169<br>169-170<br>170-172 |

| | | | | |
|---|---|---|---|---|
| | | | • ਪੌਲੁਸ ਅਤੇ ਬਰਨਬਾਸ ਦਾ ਪਹਿਲਾ ਸਫ਼ਰ<br>• ਲੁਸਤਾ ਵਿਚ ਪੌਲੁਸ ਦਾ ਪਥਰਾਉ ਕੀਤਾ ਜਾਣਾ<br>• ਯਰੂਸ਼ਲਮ ਦੀ ਕਾਨਫਰੰਸ<br>• ਯੂਰਪ ਦੀ ਪਹਿਲੀ ਚੇਲੀ। ਫ਼ਿਲਿੱਪੀ ਦਰੋਗਾ<br>• ਅਥੇਨੈ ਵਿੱਚ ਪੌਲੁਸ ਦਾ ਪਰਚਾਰ<br>• ਕੁਰਿੰਥੁਸ ਤੇ ਅਫ਼ਸੁਸ ਦੇ ਕਈ ਪਰਚਾਰਕ<br>• "ਅਫ਼ਸੀਆਂ ਦੀ ਅਰਤਿਮਿਸ ਵੱਡੀ ਹੈ"<br>• ਪੌਲੁਸ ਦੇ ਸਫਰ ਅਤੇ ਅਫ਼ਸੁਸ ਦੇ ਬਜ਼ੁਰਗ<br>• ਪੌਲੁਸ ਯਰੂਸ਼ਲਮ ਨੂੰ ਅਪੜਦਾ ਹੈ<br>• ਪੌਲੁਸ ਦਾ ਬਿਆਨ<br>• ਪੌਲੁਸ ਘਾਤੀਆਂ ਤੋਂ ਬਚਾਇਆ ਜਾਂਦਾ ਹੈ<br>• ਪੌਲੁਸ ਫ਼ੇਲਿਕਸ ਦੇ ਅੱਗੇ<br>• ਪੌਲੁਸ ਕੈਸਰ ਦੀ ਦੁਹਾਈ ਦਿੰਦਾ ਹੈ<br>• ਪੌਲੁਸ ਰਾਜਾ ਅਗ੍ਰਿੱਪਾ ਦੇ ਅੱਗੇ ਉਪਦੇਸ਼ ਦਿੰਦਾ<br>• ਰੋਮ ਦਾ ਸਫ਼ਰ ਅਤੇ ਜਹਾਜ਼ ਦਾ ਟੁੱਟਣਾ<br>• ਪੌਲੁਸ ਰੋਮ ਵਿੱਚ | 172-173<br>174-175<br>175-177<br>177-179<br>179-180<br>180-182<br>182-183<br>183-185<br>185-186<br>186-188<br>188-189<br>189-191<br>191-192<br>192-194<br>194-195 |
| 6. | ਰੋਮੀਆਂ ਨੂੰ | 16 | • ਇਨਸਾਨ ਦੀ ਬੇਦੀਨੀ ਤੇ ਕੁਧਰਮ ਦੀ ਨੰਗੀ ਤਸਵੀਰ<br>• ਪਰਮੇਸ਼ਰ ਕਿਸੇ ਦਾ ਪੱਖ ਨਹੀਂ ਕਰਦਾ<br>• ਇਨਸਾਨ ਨਿਹਚਾ ਹੀ ਨਾਲ ਧਰਮੀ ਠਹਿਰਾਇਆ ਜਾਂਦਾ ਹੈ<br>• ਅਬਰਾਹਮ ਦੀ ਨਿਹਚਾ<br>• ਆਦਮ ਤੋਂ ਮੌਤ। ਮਸੀਹ ਤੋਂ ਜੀਵਨ<br>• ਪਾਪ ਵਲੋਂ ਮਰ ਕੇ ਮਸੀਹ ਵਿੱਚ ਜਿਉਣਾ<br>• ਸ਼ਰਾ ਦਾ ਅਸਲੀ ਪਰੋਜਨ<br>• ਪਵਿੱਤਰ ਆਤਮਾਂ ਤੋਂ ਜੀਵਨ<br>• ਯਹੂਦੀ ਅਤੇ ਪਰਮੇਸ਼ਰ ਤੋਂ ਭਾਵੀ<br>• ਯਹੂਦੀ ਅਤੇ ਯੂਨਾਨੀ ਵਿੱਚ ਭਿੰਨ ਭੇਦ ਨਹੀਂ<br>• ਇਸਰਾਏਲ ਦੇ ਰੱਦੇ ਜਾਣ ਦਾ ਅਤੇ ਪਰਾਈਆਂ ਕੌਮਾਂ ਦੇ ਚੁਣੇ ਜਾਣ ਦਾ ਭੇਤ<br>• ਮਸੀਹੀ ਵਰਤਾਰਾ<br>• ਮਸੀਹੀ ਚਾਲਚਲਨ<br>• ਠੋਕਰ ਖੁਆਉਣ ਤੋਂ ਬਚਣਾ<br>• ਰੋਮ ਅਤੇ ਹਿਸਪਾਨਿਯਾ ਨੂੰ ਜਾਣ ਦੀ ਆਸਾ<br>• ਰੋਮ ਦੇ ਬੇਲੀਆਂ ਲਈ ਪਰਨਾਮ। | 196-197<br>197-198<br>198-200<br>200-201<br>201-202<br>202-203<br>203-204<br>204-205<br>205-207<br>207-208<br>208-209<br>209-210<br>210-211<br>211-212<br>212-213<br>214-215 |
| 7. | 1ਕੁਰਿੰਥੀਆਂ ਨੂੰ | 16 | • ਧੜੇ ਬੰਦੀ। ਮਸੀਹ ਪਰਮੇਸ਼ਰ ਦੀ ਸ਼ਕਤੀ ਤੇ ਗਿਆਨ<br>• ਪਰਮੇਸ਼ਰ ਦਾ ਗਿਆਨ<br>• ਮਸੀਹ ਯਿਸੂ ਹੀ ਨੀਂਹ ਹੈ<br>• ਰਸੂਲਾਂ ਦੀ ਸੇਵਾ ਅਤੇ ਹਾਲ<br>• ਕਲੀਸਿਯਾਈ ਸਜ਼ਾ<br>• ਮੁਕੱਦਮਾ ਬਾਜ਼ੀ। ਦੇਹੀ ਪਵਿੱਤਰ ਆਤਮਾ ਦੀ ਹੈਕਲ ਹੈ<br>• ਮਸੀਹੀ ਵਿਆਹ ਦੇ ਮਸਲੇ | 215-216<br>216-217<br>217-218<br>218-219<br>219<br>219-220<br>220-222<br>222-223 |

| | | | | |
|---|---|---|---|---|
| | | | • ਮੂਰਤੀਆਂ ਦੀਆਂ ਭੇਟਾਂ ਦੇ ਖਾਣ ਦੇ ਵਿਖੇ<br>• ਰਸੂਲ ਦੇ ਹੱਕ<br>• ਸਾਡਾ ਖਾਣਾ ਪੀਣਾ ਪਰਮੇਸ਼ਰ ਦੀ ਵਡਿਆਈ ਲਈ ਹੋਵੇ<br>• ਅਸ਼ਾਇ ਰੱਬਾਨੀ<br>• ਆਤਮਕ ਦਾਤਾਂ<br>• ਪ੍ਰੇਮ ਉੱਤਮ ਹੈ<br>• ਪਰਾਈਆਂ ਭਾਖਿਆਂ<br>• ਕਿਆਮਤ<br>• ਓਂਦਾ | 223-224<br>224-225<br>225-226<br>226-227<br>227-228<br>228-230<br>230-232<br>232-233 |
| 8. | 2ਕੁਰਿੰਥੀਆਂ ਨੂੰ | 13 | • ਦੁਖਿਆਰੇ ਦੇ ਦਿਲਾਸੇ ਦਾ ਪਰਮੇਸ਼ਰ<br>• ਇੱਕ ਪਾਪੀ ਦੀ ਮਾਫ਼ੀ। ਇੰਜੀਲ ਦੀ ਫ਼ਤਹ<br>• ਜੀਉਂਦੀਆਂ ਚਿੱਠੀਆਂ। ਸ਼ਰਾ ਅਤੇ ਇੰਜੀਲ ਦਾ ਤੇਜ<br>• ਮਸੀਹ ਦਾ ਤੇਜ ਅਤੇ ਨਿਹਚਾਵਾਨ ਦਾ ਹੌਸਲਾ<br>• ਸੁਰਗੀ ਘਰ ਅਤੇ ਮੇਲ ਮਿਲਾਪ ਦੀ ਸੇਵਕਾਈ<br>• ਸੇਵਕਾਈ ਦੇ ਕਸ਼ਟ। ਬੇਪਰਤੀਤਿਆਂ ਤੋਂ ਅੱਡ ਹੋਣਾ<br>• ਤੀਤੁਸ ਦੇ ਆਉਣ ਤੋਂ ਦਿਲਾਸਾ<br>• ਨਿਰਧਨ ਭਰਾਵਾਂ ਲਈ ਕਲੀਸਿਯਾ ਦਾ ਦਾਨ<br>• ਦਾਨ ਦੇਣ ਦਾ ਮਹਾਤਮ<br>• ਪੌਲੁਸ ਆਪਣੀ ਸੇਵਕਾਈ ਦਾ ਦੋਸ਼ ਲਾਹੁੰਦਾ ਹੈ<br>• ਪੌਲੁਸ ਦਾ ਅਭਮਾਨ ਅਤੇ ਕਸ਼ਟਾਂ ਦਾ ਸਹਾਰਨਾ<br>• ਉੱਚ ਦਰਸ਼ਣ, ਪਰਕਾਸ਼ ਬਾਣੀ ਅਤੇ ਸ਼ਤਾਨ ਦਾ ਚੋਭਿਆ ਹੋਇਆ ਕੰਡਾ<br>• ਛੇਕੜਲੀਆਂ ਨਸੀਹਤਾਂ | 233-234<br>234-235<br>235<br>235-236<br>236-237<br>237-238<br>238-239<br>239-240<br>240-241<br>241-242<br>242-243<br>243-244<br>244-245 |
| 9. | ਗਲਾਤੀਆਂ ਨੂੰ | 06 | • ਮਸੀਹ ਵੱਲੋਂ ਪਰਕਾਸ਼ ਹੋਈ ਪੌਲੁਸ ਦੀ ਖੁਸ਼ ਖਬਰੀ<br>• ਯਰੂਸ਼ਲਮ ਵਿੱਚ ਪੌਲੁਸ ਦਾ ਕਬੂਲ ਕੀਤਾ ਜਾਣਾ<br>• ਸ਼ਰਾ ਅਤੇ ਇੰਜੀਲ ਦਾ ਤਾਤਪਰਜ<br>• ਪੁਰਾਣੇ ਨੇਮ ਦੀ ਗੁਲਾਮੀ ਤੋਂ ਨਵੇਂ ਨੇਮ ਦੀ ਅਜ਼ਾਦੀ<br>• ਸਰੀਰ ਅਤੇ ਆਤਮਾ<br>• ਅਮਲੀ ਨਸੀਹਤਾਂ | 245-246<br>246-247<br>247-248<br>249-250<br>250-251<br>251 |
| 10. | ਅਫ਼ਸੀਆਂ ਨੂੰ | 06 | • ਪਵਿੱਤਰ ਆਤਮਾ ਦੀ ਮੋਹਰ। ਮਸੀਹ ਦੀ ਅੱਤ ਉੱਚੀ ਪਦਵੀ<br>• ਸਲੀਬ ਤੋਂ ਇੱਕ ਨਵੀਂ ਇਨਸਾਨੀਅਤ<br>• ਪਰਾਈਆਂ ਕੌਮਾਂ ਵਿੱਚ ਪੌਲੁਸ ਦੀ ਸੇਵਾ<br>• ਏਕਤਾ ਦੀ ਲੋੜ। ਪੁਰਾਣੀ ਅਤੇ ਨਵੀਂ ਇਨਸਾਨੀਅਤ<br>• ਮਸੀਹੀ ਘਰਾਣੇ ਦਾ ਵਰਤਾਵਾ<br>• ਪਰਮੇਸ਼ਰ ਦੇ ਪੂਰੇ ਸ਼ਾਸਤ੍ਰ ਬਸਤ੍ਰ ਧਾਰੋ। | 252-253<br>253<br>253-254<br>254-255<br>255-256<br>257 |
| 11. | ਫਿਲਿੱਪੀਆਂ ਨੂੰ | 04 | • ਜੀਵਨ ਮਸੀਹ, ਮਰਨਾ ਲਾਭ<br>• ਮਸੀਹ ਦਾ ਸੁਭਾਉ ਸਾਡਾ ਆਦਰਸ਼<br>• ਪੌਲੁਸ ਦਾ ਪਹਿਲਾ ਜੀਵਨ ਅਤੇ ਹੁਣ ਉਸ ਦਾ ਅਗਲਾ ਨਿਸ਼ਾਨ<br>• ਕਿਸੇ ਗੱਲ ਦੀ ਚਿੰਤਾ ਨਾ ਕਰੋ। | 258-259<br>259-260<br>260-261<br>261-262 |
| 12. | ਕੁਲੁਸੀਆਂ ਨੂੰ | 04 | • ਮਸੀਹ ਦੀ ਪਰਧਾਨਤਾ | 262-263 |

| | | | | |
|---|---|---|---|---|
| | | | • ਮਸੀਹ ਵਿੱਚ ਭਰਪੂਰ ਜੀਵਨ ਅਤੇ ਸੰਸਾਰਕ ਫ਼ੈਲਸੂਫ਼ੀ<br>• ਨਵੀਂ ਜ਼ਿੰਦਗੀ ਦੀਆਂ ਜ਼ੁੰਮੇਵਾਰੀਆਂ<br>• ਸੇਵਕਾਈ ਵਿੱਚ ਪੌਲੁਸ ਦੇ ਸਾਥੀ। | 263-264<br>264-265<br>265-266 |
| 13. | 1 ਥੱਸਲੁਨੀਕੀਆਂ ਨੂੰ | 05 | • ਧੰਨਵਾਦ<br>• ਸੇਵਕਾਈ ਅਤੇ ਵਿਰੋਧਤਾ<br>• ਤਿਮੋਥਿਉਸ ਦੇ ਆਉਣ ਤੋਂ ਤਸੱਲੀ<br>• ਪ੍ਰਭੂ ਦਾ ਫੇਰ ਆਉਣਾ<br>• ਪ੍ਰਭੂ ਦੇ ਅਚਾਣਕ ਆਉਣ ਲਈ ਸੁਚੇਤ ਰਹਿਣਾ। | 266-267<br>267-268<br>268<br>268-269<br>269-270 |
| 14. | 2ਥੱਸਲੁਨੀਕੀਆਂ ਨੂੰ | 03 | • ਪ੍ਰਭੂ ਦਾ ਭੜਕਦੀ ਅੱਗ ਵਿੱਚ ਅਕਾਸ਼ੋਂ ਪਰਗਟ ਹੋਣਾ<br>• ਪ੍ਰਭੂ ਦੇ ਆਉਣ ਉੱਤੇ ਕੁਧਰਮੀ ਦਾ ਨਾਸ<br>• ਮੁਖਤ ਦੀ ਰੋਟੀ ਨਹੀਂ ਖਾਈਦੀ। | 270-271<br>271-272<br>272 |
| 15. | 1ਤਿਮੋਥਿਉਸ ਨੂੰ | 06 | • ਝੂਠੀ ਸਿਖਿਆ ਤੋਂ ਸੁਚੇਤ ਰਹਿਣਾ<br>• ਭਗਤੀ ਕਰਨ ਦਾ ਢੰਗ<br>• ਨਿਗਾਹਬਾਨਾਂ ਅਤੇ ਸੇਵਕਾਂ ਦਾ ਚਾਲ ਚਲਣ<br>• ਝੂਠੀ ਸਿਖਿਆ। ਵਫ਼ਾਦਾਰ ਸੇਵਕ<br>• ਵਿਧਵਾਂ ਅਤੇ ਬਜ਼ੁਰਗਾਂ ਲਈ ਨਸੀਹਤਾਂ<br>• ਅਸਲ ਜੀਵਨ। | 273-274<br>274<br>274-275<br>275<br>275-276<br>276-277 |
| 16. | 2 ਤਿਮੋਥਿਉਸ ਨੂੰ | 04 | • ਖੁਸ਼ ਖਬਰੀ ਲਈ ਦੁਖ ਝੱਲਣਾ<br>• ਪਰਮੇਸ਼ਰ ਦਾ ਚੰਗਾ ਸਿਪਾਹੀ ਅਤੇ ਪਰਵਾਨ ਕਾਰੀਗਰ<br>• ਭੈੜੇ ਸਮੇਂ ਅਤੇ ਉਨ੍ਹਾਂ ਲਈ ਤਿਆਰੀ<br>• ਪੌਲੁਸ ਦਾ ਆਖਰਲਾ ਸੁਨੇਹਾ। | 278<br>278-279<br>280<br>280-281 |
| 17. | ਤੀਤੁਸ ਨੂੰ | 03 | • ਬਜ਼ੁਰਗ, ਨਿਗਾਹਬਾਨ ਅਤੇ ਛਲੀਏ ਉਸਤਾਦ<br>• ਮਸੀਹੀ ਚਾਲ ਚਲਣ<br>• ਸ਼ੁਭ ਕਰਮਾਂ ਦੀ ਜ਼ਰੂਰਤ। | 281-282<br>282-283<br>283 |
| 18. | ਫਿਲੇਮੋਨ ਨੂੰ | 01 | • ਇੱਕ ਮਸੀਹੀ ਗੁਲਾਮ ਲਈ ਸਫ਼ਾਰਸ਼। | 284 |
| 19. | ਇਬਰਾਨੀਆਂ ਨੂੰ | 13 | • ਪੁੱਤ੍ਰ ਦੂਤਾਂ ਨਾਲੋਂ ਉੱਤਮ ਹੈ<br>• ਸਾਡਾ ਦਿਆਲੂ ਪਰਧਾਨ ਜਾਜਕ<br>• ਯਿਸੂ ਮੂਸਾ ਨਾਲੋਂ ਆਦਰ ਜੋਗ ਹੈ<br>• ਪਰਮੇਸ਼ਰ ਦਾ ਅਰਾਮ। ਮਹਾਂ ਪਰਧਾਨ ਜਾਜਕ ਯਿਸੂ<br>• ਪੁੱਤ੍ਰ ਸਦਾ ਲਈ ਜਾਜਕ ਹੈ<br>• ਫਿਰ ਜਾਣ ਦਾ ਖਤਰਾ। ਪਰਮੇਸ਼ਰ ਦੀ ਸੌਂਹ ਤੋਂ ਆਸਾ<br>• ਮਲਕਿਸਿਦਕ ਦੀ ਪਦਵੀ ਅਨੁਸਾਰ ਪ੍ਰਭੂ ਦੀ ਜਾਜਕਾਈ<br>• ਸੁਰਗੀ ਪਰਧਾਨ ਜਾਜਕ ਅਤੇ ਨਵਾਂ ਨੇਮ<br>• ਮਸੀਹ ਦਾ ਇੱਕੋ ਹੀ ਵਾਰ ਦਾ ਬਲੀਦਾਨ<br>• ਜੀਉਂਦੇ ਪਰਮੇਸ਼ਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ<br>• ਨਿਹਚਾ ਦੇ ਸੂਰਬੀਰ<br>• ਯਿਸੂ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ<br>• ਅਮਲੀ ਨਸੀਹਤਾਂ | 285<br>285-287<br>287<br>287-288<br>288-289<br>289-290<br>290-291<br>291-292<br>292-293<br>293-295<br>295-297<br>297-298<br>298-299 |
| 20. | ਯਾਕੂਬ ਦਾ ਪੱਤਰ | 05 | • ਪਰਤਾਵਿਆਂ ਦਾ ਲਾਭ। ਅਮਲ ਕਰਨ ਦੀ ਲੋੜ<br>• ਪੱਖ ਪਾਤ। ਅਮਲ ਅਤੇ ਨਿਹਚਾ | 299-300<br>301-302 |

| | | | | |
|---|---|---|---|---|
| | | | • ਜੀਭ ਦੇ ਕਾਰੇ<br>• ਪਰਮੇਸ਼ਰ ਦੇ ਨੇੜੇ ਜਾਓ<br>• ਸਬਰ ਅਤੇ ਪ੍ਰਾਰਥਨਾ ਦੇ ਲਾਭ | 302<br>302-303<br>303-304 |
| 21. | 1ਪਤਰਸ | 05 | • ਇੱਕ ਜੀਉਂਦੀ ਆਸ<br>• ਪਰਮੇਸ਼ਰ ਦੀ ਖਾਸ ਪਰਜਾ<br>• ਮਸੀਹੀ ਘਰਾਣੇ। ਮਸੀਹੀ ਬਪਤਿਸਮਾ<br>• ਮਸੀਹ ਦੇ ਕਾਰਨ ਦੁਖ ਭੋਗਣਾ<br>• ਪਰਮੇਸ਼ਰ ਦੇ ਇੱਜੜ ਦੇ ਅਯਾਲੀ। | 304-305<br>305-307<br>307-308<br>308-309<br>309 |
| 22. | 2ਪਤਰਸ | 03 | • ਮਸੀਹੀ ਗੁਣ<br>• ਝੂਠੇ ਗੁਰੂ<br>• ਅੰਤ ਕਾਲ ਦਾ ਸਮਾਂ। | 309-310<br>310-311<br>311-312 |
| 23. | 1ਯੂਹੰਨਾ | 05 | • ਪਰਮੇਸ਼ਰ ਚਾਨਣ ਹੈ<br>• ਮਸੀਹ ਦਾ ਵਿਰੋਧੀ<br>• ਪਰਮੇਸ਼ਰ ਦੇ ਬੱਚੇ<br>• ਪਰਮੇਸ਼ਰ ਪ੍ਰੇਮ ਹੈ<br>• ਆਤਮਾ ਦੀ ਸਾਖੀ | 313<br>313-314<br>314-315<br>316<br>317 |
| 24. | 2ਯੂਹੰਨਾ | 01 | • ਛਲੀਏ ਨੂੰ ਘਰ ਨਾ ਉਤਾਰੋ। | 318 |
| 25. | 3ਯੂਹੰਨਾ | 01 | • ਪਰਾਹੁਣਾਚਾਰੀ। | 318-319 |
| 26. | ਯਹੂਦਾਹ | 01 | • ਸ਼ਤਾਨੀ ਪਾਪੀਆਂ ਤੋਂ ਸੁਚੇਤ ਰਹਿਣਾ। | 319-320 |
| 27. | ਪਰਕਾਸ਼ ਦੀ ਪੋਥੀ | 22 | • ਜਲਾਲੀ ਮਨੁੱਖ ਦਾ ਪੁੱਤ<br>• ਸੱਤ ਕਲੀਸਿਯਾਂ ਲਈ ਪੱਤ੍ਰੀਆਂ<br>• ਸੱਤ ਕਲੀਸਿਯਾਂ ਲਈ ਪੱਤ੍ਰੀਆਂ<br>• ਸੁਰਗੀ ਉਪਾਸਨਾ<br>• ਕੋਹਿਆ ਹੋਇਆ ਲੇਲਾ<br>• ਛੇਹਾਂ ਮੋਹਰਾਂ ਦਾ ਤੋੜਿਆ ਜਾਣਾ। ਚਾਰ ਸਵਾਰ<br>• ਮੋਹਰ ਲਾਏ ਹੋਏ ਇਸਰਾਏਲੀ। ਸੁਰਗ ਵਾਸੀਆਂ ਦਾ ਹਾਲ<br>• ਸੱਤ ਤੁਰ੍ਹੀਆਂ<br>• ਅਥਾਹ ਕੁੰਡ ਅਤੇ ਉਹ ਦੀ ਸਲਾ ਟਿੱਡੀ<br>• ਛੋਟੀ ਪੋਥੀ ਕੋੜੀ ਹੈ<br>• ਦੋ ਗਵਾਹ<br>• ਇਸਤ੍ਰੀ ਅਤੇ ਲਾਲ ਅਜਗਰ<br>• ਦੋ ਦਰਿੰਦੇ<br>• ਇੱਕ ਨਵਾਂ ਗੀਤ। ਧਰਤੀ ਦੀ ਵਾਢੀ<br>• ਕ੍ਰੋਧ ਦੇ ਸੱਤ ਕਟੋਰੇ<br>• ਕ੍ਰੋਧ ਦੇ ਸੱਤ ਕਟੋਰੇ<br>• ਬਾਬੁਲ ਉੱਤੇ ਲੇਲੇ ਦੀ ਫਤਹ<br>• ਬਾਬੁਲ ਦੀ ਬਰਬਾਦੀ<br>• ਹਲਲੂਯਾਹ ! ਵਫ਼ਾਦਾਰ ਤੇ ਸੱਚੇ ਸਵਾਰ ਦੀ ਫਤਹ<br>• ਆਖੀਰੀ ਨਿਆਉਂ<br>• ਨਵਾਂ ਆਕਾਸ਼ ਅਤੇ ਨਵੀਂ ਧਰਤੀ<br>• ਜੀਵਨ ਦਾ ਬਿਰਛ। ਸਮਾਂ ਨੇੜੇ ਹੈ | 321-322<br>322-323<br>323-324<br>324-325<br>325-326<br>326-327<br>327-328<br>328-329<br>329-330<br>330<br>330-331<br>331-332<br>332-333<br>333-335<br>335<br>335-336<br>336-337<br>337-339<br>339-340<br>340-341<br>341-343<br>343-344 |

# ਈਸਾਈ ਧਰਮ ਅਤੇ ਨਵਾਂ ਨੇਮ : ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

Kamaljeet kaur Bhullar
Research Scoler
Guru Gobind Singh, Religious Studies Department
Punjabi University Patiala